ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿੱ) ਪੰਜਾਬ

(ਅਮਲਾ 5 ਸ਼ਾਖਾ)

ਵੱਲ:

ਰਾਜ ਦੇ ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿੱ)।

ਪੱਤਰ ਨੰ: 09/187-2014 ਅ5(3)4279 ਮਿਤੀ 23-11-16

**ਵਿਸ਼ਾ: ਸੀ ਐਂਡ ਵੀ ਮਾਸਟਰ ਕਾਡਰ ਤਰੱਕੀਆਂ-ਸੀਨੀਅਰਤਾ ਸਬੰਧੀ**

ਹਵਾਲਾ ਪੱਤਰ ਨੰ: ਇਸ ਦਫਤਰ ਦੇ ਪੱਤਰ ਨੰ: 19/23-2016 ਅਮਲਾ 2(1)ਮਿਤੀ 5-7-2016 ਅਨੁਸਾਰ

ਉਪਰੋਕਤ ਵਿਸ਼ਾ ਅਧੀਨ ਪੱਤਰ ਰਾਹੀਂ ਸੀ ਐਂਡ ਵੀ ਤੋਂ ਮਾਸਟਰ ਕਾਡਰ ਵਿੱਚ ਤਰੱਕੀਆਂ ਦੇ ਕੇਸ ਮੰਗੇ ਗਏ ਸਨ।ਸਬੰਧਿਤ ਜਿਲਾ ਸਿੱਖਿਆ ਅਫਸਰਾਂ (ਸੈ:ਸਿੱ) ਵੱਲੋਂ ਭੇਜੇ ਗਏ ਕੇਸਾਂ ਵਿੱਚ ਬਹੁਤ ਸਾਰੇ ਪੀਟੀਆਈ ਅਧਿਆਪਕ ਮਿਤੀ 1.10.2006 ਅਤੇ ਮਿਤੀ 13.10.2006 ਰਾਹੀਂ ਇਸ਼ਤਿਹਾਰਿਤ 849 ਪੀ ਟੀ ਆਈ ਦੀਆਂ ਪੋਸਟਾਂ ਨਾਲ ਸਬੰਧਿਤ ਹਨ,ਜਿਨ੍ਹਾਂ ਬਾਰੇ ਮਾਣਯੋਗ ਅਦਾਲਤ ਵਿੱਚ ਚੱਲ ਰਹੇ ਕੇਸਾਂ ਦੇ ਫੈਸਲਿਆਂ ਅਨੁਸਾਰ ਵਿਭਾਗ ਵੱਲੋਂ ਸੀ ਪੀ ਐਡ ਅਤੇ ਉੱਚ ਯੋਗਤਾ ਪ੍ਰਾਪਤ ਅਧਿਆਪਕਾਂ ਦੀ ਕੰਬਾਈਂਡ ਮੈਰਿਟ ਲਿਸਟ ਦੇ ਅਧਾਰ ਤੇ ਅਤੇ ਦਸੰਬਰ 2006 ਵਿੱਚ ਨਿਯੁਕਤ 576 ਅਧਿਆਪਕਾਂ ਦੀ ਨਿਯੁਕਤੀ ਨੂੰ ਲਾਗੂ ਕੀਤਾ ਜਾਣਾ ਹੈ।ਦਫਤਰ ਡੀਪੀਆਈ (ਸੈਸਿ) ਪੰਜਾਬ ਦੇ ਹੁਕਮ ਨੰ:20/19-2015 ਅਮਲਾ 4(1) ਅਮਲਾ 2 (6) ਮਿਤੀ 18.1.2016 ਅਤੇ ਹੁਕਮ ਨੰ: 16/18-2015 ਅਮਲਾ-5 (3) ਮਿਤੀ 13-7-2016 ਦੀ ਰੌਸ਼ਨੀ ਵਿੱਚ ਪੀ ਟੀ ਆਈ ਦੀਆਂ 849 ਪੋਸਟਾਂ ਵਿਰੁੱਧ ਉੱਚ ਯੋਗਤਾ ਪ੍ਰਾਪਤ ਅਧਿਆਪਕਾਂ ਨੂੰ 576 ਪਹਿਲਾਂ ਨਿਯੁਕਤ ਸੀਪੀਐਡ ਅਧਿਆਪਕਾਂ ਦੀ ਨਿਯੁਕਤੀ ਮਿਤੀ ਤੋਂ ਪੇ ਫਿਕਸੇਸ਼ਨ ਅਤੇ ਸੀਨੀਅਰਤਾ ਦਾ ਲਾਭ ਦੇਣ ਬਾਰੇ ਪਹਿਲਾਂ ਹੀ ਸਬੰਧਿਤ ਨੂੰ ਲਿਖਿਆ ਗਿਆ ਸੀ।

ਹੁਣ ਇਹਨਾਂ ਪ੍ਰਾਪਤ ਤਰੱਕੀ ਕੇਸਾਂ ਦੀ ਸਕਰੂਟਨੀ ਦੌਰਾਨ ਇਹ ਧਿਆਨ ਵਿੱਚ ਆਇਆ ਹੈ ਕਿ ਜਿਲ੍ਹਿਆਂ ਵੱਲੋਂ ਉਪਰੋਕਤ ਲਾਭ ਵੱਖ-ਵੱਖ ਮਿਤੀਆਂ ਨੂੰ ਜਾਰੀ ਕੀਤੇ ਗਏ ਹਨ।ਜਿਸ ਕਾਰਨ ਜੂਨੀਅਰ-ਸੀਨੀਅਰ ਹੋਣ ਕਾਰਨ ਬਾਅਦ ਵਿੱਚ ਲਿਟੀਗੇਸ਼ਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਇਸ ਲਈ ਆਪ ਜੀ ਨੂੰ 576 ਅਧਿਆਪਕਾਂ ਦੀ ਸਿਲੈਕਸ਼ਨ ਮੈਰਿਟ ਅਤੇ 849 ਅਧਿਆਪਕਾਂ ਦੀ ਕੰਬਾਈਂਡ ਮੈਰਿਟ ਸੂਚੀ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਸੂਚੀਆਂ ਦੇ ਅਧਾਰ 'ਤੇ ਸਾਰੇ ਨਿਯੁਕਤ ਅਧਿਆਪਕਾਂ ਦੀ ਮੈਰਿਟ ਅਨੁਸਾਰ ਕਾਮਨ ਅਤੇ ਯੂਨੀਫਾਰਮ ਮਿਤੀ 7-12-2006 (ਉਪਰੋਕਤ 576 ਹਾਜਰ ਹੋਏ ਅਧਿਆਪਕਾਂ ਵਿੱਚੋਂ ਸਭ ਤੋਂ ਪਹਿਲੇ ਕਰਮਚਾਰੀ ਦੇ ਵਿਭਾਗ ਵਿੱਚ ਬਤੌਰ ਪੀਟੀਆਈ ਹਾਜਰ ਹੋਣ ਦੀ ਮਿਤੀ) ਨੂੰ ਬੇਸ ਮੰਨਦੇ ਹੋਏ ਅਤੇ ਨੋਸ਼ਨਲ ਨਿਯੁਕਤੀ ਦਿੰਦੇ ਹੋਏ ਸੀਨੀਅਰਤਾ ਅਤੇ ਪੇ ਫਿਕਸੇਸ਼ਨ ਦੇ ਬਣਦੇ ਲਾਭ ਜਾਰੀ ਕੀਤੇ ਜਾਣ ਅਤੇ ਇਹਨਾਂ ਸਾਰੇ ਅਧਿਆਪਕਾਂ ਦੀਆਂ ਭੇਜੀਆਂ ਉਪਰੋਕਤ ਮੈਰਿਟ ਸੂਚੀਆਂ ਦੇ ਅਧਾਰ 'ਤੇ ਬਣਦੀ ਜਿਲ੍ਹਾ ਸੀਨੀਅਰਤਾ ਅਤੇ ਸਬੰਧਿਤ ਅਧਿਆਪਕਾਂ ਦੀ ਸਟੇਟ ਸੀਨੀਅਰਤਾ ਫਿਕਸ ਕਰਕੇ ਇਸ ਦਫਤਰ ਨੂੰ ਮਿਤੀ 25.11.2016 ਨੂੰ ਹਰ ਹਾਲਤ ਵਿੱਚ ਵਿਭਾਗੀ ਈਮੇਲ adsa2promotion@gmail.com 'ਤੇ ਭੇਜਣੀ ਯਕੀਨੀ ਬਣਾਈ ਜਾਵੇ ਅਤੇ ਇਸਦੀ ਹਾਰਡ ਕਾਪੀ ਵੀ ਉਕਤ ਮਿਤੀ ਤੱਕ ਮੁੱਖ ਦਫਤਰ ਪਹੁੰਚਦੀ ਯਕੀਨੀ ਬਣਾਈ ਜਾਵੇ।ਇਸ ਅਲਾਟ ਕੀਤੀ ਗਈ ਗਈ ਜਿਲ੍ਹਾ/ਸਟੇਟ ਸੀਨੀਆਰਤਾ ਨੂੰ ਉਪਰੋਕਤ ਤਰੱਕੀ ਲਈ ਭੇਜੇ ਗਏ ਕੇਸਾਂ ਦੀ ਲਿਸਟ ਵਿਰੁੱਧ ਵੀ ਦਰਸਾਇਆ ਜਾਵੇ।ਜੇਕਰ ਭੇਜੀ ਗਈ ਸੀਨੀਅਰਤਾ ਵਿੱਚ ਕਿਸੇ ਵੀ ਕਿਸਮ ਦੀ ਤਰੁਟੀ ਹੋਣ ਕਾਰਨ ਇਸਦੇ ਅਧਾਰ ਤੇ ਕੋਈ ਪਦ ਉੱਨਤੀ ਹੋ ਜਾਂਦੀ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਬੰਧਿਤ ਜਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ।ਇਸਨੂੰ ਪਰਮ ਅਗੇਤ ਦਿੱਤੀ ਜਾਵੇ।

ਨੱਥੀ :1: 849 ਪੀ ਟੀ ਆਈ ਅਧਿਆਪਕਾਂ ਦੀ ਕੰਬਾਈਂਡ ਮੈਰਿਟ ਸੂਚੀ।

2: 576 ਪੀ ਟੀ ਆਈ ਅਧਿਆਪਕਾਂ ਦੀ ਮੈਰਿਟ ਸੂਚੀ ਅਤੇ

3: ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਵੱਲੋਂ ਜਾਰੀ ਮਿਤੀ 18.1.2016 ਅਤੇ ਮਿਤੀ 13-7-2016 ਦੇ ਹੁਕਮਾਂ ਦੀ ਕਾਪੀ।

ਸਹਾਇਕ ਡਾਇਰੈਕਟਰ (ਐਸ ਏ 5)

ਪਿੱਠ ਅੰਕਣ ਨੰ: ਉਕਤ ਮਿਤੀ ਉਕਤ

ਉਪਰੋਕਤ ਦਾ ਉਤਾਰਾ ਡਿਪਟੀ ਡਾਇਰੈਕਟਰ ਅਮਲਾ 2 ਪਰਮੋਸ਼ਨ ਨੂੰ ਨੂੰ ਉਹਨਾ ਦੇ ਅੰਤਰ ਵਿਭਾਗੀ ਪੱਤਰ ਮਿਤੀ 10-11-2016 ਦੇ ਸਬੰਧ ਵਿੱਚ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਐਸ ਏ 5)

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ ।

ਪਿੱਠ ਅੰਕਣ ਨੰਬਰ ਅ-2/1( )2017/

ਮਿਤੀ ਬਠਿੰਡਾ 06.01.2017

ਉਤਾਰਾ ਜਿਲ੍ਹੇ ਦੇ ਸਬੰਧਤ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਸਬੰਧਤ ਕਰਮਚਾਰੀਆਂ ਦੀ ਤਨਖਾਹ 07.12.2006 ਤੋਂ ਫਿਕਸ ਕਰਦੇ ਹੋਏ ਪਾਲਣਾ ਰਿਪੋਰਟ ਤੁਰੰਤ ਦਫਤਰ ਨੂੰ ਭੇਜੀ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਬਠਿੰਡਾ

6-1-17